Press Note

**JAGAT GURU NANAK DEV PUNJAB STATE OPEN UNIVERSITY, PATIALA**

(Established by Act No.19 of 2019 of Legislature of the State of Punjab)

**PSOU/PRO/2024/134** **13 ਜਨਵਰੀ 2025**

## JGND PSOU ਵਿਖੇ ਲੋੜੀ ਦਾ ਤਿਉਹਾਰ ਮਨਾਇਆ

**13 ਜਨਵਰੀ 2025**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ,ਪਟਿਆਲਾ ਵਿਖੇ ਸ੍ਰੀ ਕੇ. ਕੇ. ਯਾਦਵ, ਆਈ.ਏ.ਐਸ., ਮਾਨਯੋਗ ਵਾਇਸ ਚਾਂਸਲਰ ਦੀ ਅਗਵਾਈ ਹੇਠ ਲੋਹੜੀ ਦਾ ਤਿਉਹਾਰ ਮਨਾਇਆ ਗਿਆ । ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ, ਰਜਿਸਟਰਾਰ ਨੇ ਸਭ ਨੂੰ ਵਧਾਈ ਦਿੰਦੇ ਕਿਹਾ ਕਿ ਪੰਜਾਬ ਦੇ ਸੱਭਿਆਚਾਰ ਦੇ ਮੁੱਖ ਤਿਉਹਾਰ ਸਾਡੇ ਸੰਸਕਾਰਾਂ ਨੂੰ ਉਚਾਈਆਂ ਤੇ ਪਹੁੰਚਾਉਣ ਦੇ ਨਾਲ ਨਾਲ ਜਾਤਪਾਤ ਅਤੇ ਵਰਗਵਾਦ ਤੋਂ ਉਪਰ ਉੱਠ ਕੇ ਸਮਾਨਤਾ ਦਾ ਸੰਦੇਸ਼ ਦਿੰਦੇ ਹਨ। ਸਮਾਜ ਦੇ ਹਰ ਵਰਗ ਨੂੰ ਮੁੱਲਾਂ ਦੀ ਪਹਿਚਾਣ ਅਤੇ ਜਮੀਨੀ ਸਤਰ 'ਤੇ ਸਿੱਖਣ ਦੀ ਲੋੜ ਹੈ।

ਇਸ ਮੌਕੇ ਡਾ. ਪਿੰਕੀ, ਸਹਾਇਕ ਪ੍ਰੋਫੈਸਰ ਨੇ ਪੰਜਾਬ ਦੇ ਮਹਾਨ ਕਿਰਦਾਰ ਦੁੱਲਾ ਭੱਟੀ ਦੀ ਕਹਾਣੀ ਬਿਆਨ ਕੀਤੀ। ਉਨ੍ਹਾਂ ਨੇ ਕਿਹਾ ਕਿ ਦੁੱਲਾ ਭੱਟੀ ਨਾ ਕੇਵਲ ਪੰਜਾਬ ਦਾ ਨਾਇਕ ਸੀ ਸਗੋਂ ਮਾਨਵਤਾ ਦਾ ਪ੍ਰਤੀਕ ਸੀ। ਉਸ ਨੇ ਸਮਾਜ ਦੇ ਦਬੇ-ਕੁਚਲੇ ਵਰਗਾਂ ਨੂੰ ਹੱਕ ਦਿਵਾਉਣ ਲਈ ਸੰਘਰਸ਼ ਕੀਤਾ। ਉਸਦੀ ਕਹਾਣੀ ਸਾਨੂੰ ਅਨੁਸਾਸ਼ਨ, ਸਹਿਯੋਗ ਅਤੇ ਸਚਾਈ ਦੀ ਰਾਹ ਦਿਖਾਉਂਦੀ ਹੈ।

ਇਹ ਸਮਾਗਮ ਪੰਜਾਬੀ ਸੱਭਿਆਚਾਰ ਦੇ ਮੁੱਖ ਤਿਉਹਾਰਾਂ ਦੀ ਮਹੱਤਤਾ ਨੂੰ ਸੇਧ ਦੇਣਾ ਹੈ ।ਅਖ਼ੀਰ ਤੇ ਡਾ. ਨਵਲੀਨ ਮੁਲਤਾਨੀ, ਡੀਨ ਰਿਸਰਚ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਮੁੱਚਾ ਟੀਚਿੰਗ ਤੇ ਨਾਨ ਟੀਚਿੰਗ ਸਟਾਫ਼ ਹਾਜ਼ਰ ਸੀ।

13/01/25

ਡਾਇਰੈਕਟਰ
ਲੋਕ ਸੰਪਰਕ

**Director-Public Relations Cell**
**Jagat Guru Nanak Dev**
**Punjab State Open University**
**Patiala – 147001(PB) INDIA**

# ਗੁਰੂ ਨਾਨਕ ਦੇਵ ਪੰਜਾਬ ਓਪਨ ਯੂਨੀਵਰਸ਼ਿਟੀ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ

ਪਟਿਆਲਾ, 14 ਜਨਵਰੀ (ਗੁਰਵਿੰਦਰ ਸਿੰਘ ਔਲਖ)-ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵਿਖੇ ਕੇ. ਕੇ. ਯਾਦਵ, ਆਈ. ਏ. ਐੱਸ. ਉਪ ਕੁਲਪਤੀ ਦੀ ਅਗਵਾਈ ਹੇਠ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ, ਰਜਿਸਟਰਾਰ ਨੇ ਵਧਾਈ ਦਿੰਦੇ ਕਿਹਾ ਕਿ ਪੰਜਾਬ ਦੇ ਸੱਭਿਆਚਾਰ ਦੇ ਮੁੱਖ ਤਿਉਹਾਰ ਸਾਡੇ ਸੰਸਕਾਰਾਂ ਨੂੰ ਉੱਚਾਈਆਂ ਤੇ ਪਹੁੰਚਾਉਣ ਦੇ ਨਾਲ ਜਾਤਪਾਤ ਅਤੇ ਵਰਗਵਾਦ ਤੋਂ ਉਪਰ ਉੱਠ ਕੇ ਸਮਾਨਤਾ ਦਾ ਸੰਦੇਸ਼ ਦਿੰਦੇ ਹਨ। ਸਮਾਜ ਦੇ ਹਰ ਵਰਗ ਨੂੰ ਮੁੱਲਾਂ ਦੀ ਪਹਿਚਾਣ ਅਤੇ ਜ਼ਮੀਨੀ ਸਤਰ 'ਤੇ ਸਿੱਖਣ ਦੀ ਲੋੜ ਹੈ। ਇਸ ਮੌਕੇ ਡਾ. ਪਿੰਕੀ, ਸਹਾਇਕ ਪ੍ਰੋਫ਼ੈਸਰ ਨੇ ਪੰਜਾਬ ਦੇ ਮਹਾਨ ਕਿਰਦਾਰ ਦੁੱਲਾ ਭੱਟੀ ਦੀ ਕਹਾਣੀ ਬਿਆਨ ਕੀਤੀ। ਉਨ੍ਹਾਂ ਨੇ ਕਿਹਾ ਕਿ ਦੁੱਲਾ ਭੱਟੀ ਨਾ ਕੇਵਲ ਪੰਜਾਬ ਦਾ ਨਾਇਕ ਸੀ ਸਗੋਂ ਮਾਨਵਤਾ ਦਾ ਪ੍ਰਤੀਕ ਸੀ। ਉਸ ਨੇ ਸਮਾਜ ਦੇ ਦਬੇ-ਕੁਚਲੇ ਵਰਗਾਂ ਨੂੰ ਹੱਕ ਦਿਵਾਉਣ ਲਈ ਸੰਘਰਸ਼ ਕੀਤਾ। ਉਸ ਦੀ ਕਹਾਣੀ ਸਾਨੂੰ ਅਨੁਸ਼ਾਸਨ, ਸਹਿਯੋਗ ਅਤੇ ਸਚਾਈ ਦੀ ਰਾਹ ਦਿਖਾਉਂਦੀ ਹੈ। ਇਹ ਸਮਾਗਮ ਪੰਜਾਬੀ ਸੱਭਿਆਚਾਰ ਦੇ ਮੁੱਖ ਤਿਉਹਾਰਾਂ ਦੀ ਮਹੱਤਤਾ ਨੂੰ ਸੇਧ ਦੇਣਾ ਹੈ। ਅਖ਼ੀਰ 'ਚ ਡਾ. ਨਵਲੀਨ ਮੁਲਤਾਨੀ, ਡੀਨ ਰਿਸਰਚ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਮੁੱਚਾ ਟੀਚਿੰਗ ਤੇ ਨਾਨ ਟੀਚਿੰਗ ਸਟਾਫ਼ ਹਾਜ਼ਰ ਸੀ।



ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵਿਖੇ ਲੋਹੜੀ ਦਾ ਤਿਉਹਾਰ ਮਨਾਏ ਜਾਣ ਦਾ ਦ੍ਰਿਸ਼। ਅਜੀਤ ਤਸਵੀਰ



ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵਿਖੇ ਲੋਹੜੀ ਮਨਾਉਂਦਾ ਹੋਇਆ ਸਟਾਫ਼। ਪੰਜਾਬੀ ਜਾਗਰਣ

# ਓਪਨ 'ਵਰਸਿਟੀ 'ਚ ਲੋਹੜੀ ਤਿਉਹਾਰ ਮੌਕੇ ਸਮਾਗਮ

**ਪੱਤਰ ਪ੍ਰੇਰਕ, ਪੰਜਾਬੀ ਜਾਗਰਣ।**
**ਪਟਿਆਲਾ :** ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ 'ਵਰਸਿਟੀ ਪਟਿਆਲਾ ਵਿਖੇ ਵਾਈਸ ਚਾਂਸਲਰ ਕੇ. ਕੇ. ਯਾਦਵ (ਆਈਏਐੱਸ) ਦੀ ਅਗਵਾਈ ਹੇਠ ਲੋਹੜੀ ਦਾ ਤਿਉਹਾਰ ਮਨਾਇਆ ਗਿਆ। ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ ਰਜਿਸਟਰਾਰ ਨੇ ਸਭ ਨੂੰ ਵਧਾਈ ਦਿੱਤੀ। ਇਸ ਮੌਕੇ ਡਾ. ਪਿੰਕੀ ਸਹਾਇਕ ਪ੍ਰੋਫੈਸਰ ਨੇ ਸੂਬੇ ਦੇ ਮਹਾਨ ਕਿਰਦਾਰ ਦੁੱਲਾ ਭੱਟੀ ਦੀ ਕਹਾਣੀ ਬਿਆਨ ਕੀਤੀ। ਅਖ਼ੀਰ ਤੇ ਡਾ. ਨਵਲੀਨ ਮੁਲਤਾਨੀ, ਡੀਨ ਰਿਸਰਚ ਨੇ ਸਾਰਿਆਂ ਦਾ ਧੰਨਵਾਦ ਕੀਤਾ।

Photos




SHARMA





Links

https://www.facebook.com/share/p/18KwAjqjBR/

https://www.facebook.com/share/p/18AK8Gv9Fn/

https://www.instagram.com/p/DEyyVkyq6HO/?igsh=ZGd1YXNzeTRsMHJ6

https://www.instagram.com/p/DEwq4wBKX1t/?igsh=MWR0bnluM3BjYnNmOA==